# 20th Summit of SCO Council of Heads of State

November 10, 2020

## ਸ਼ੰਘਾਈ ਸਹਿਯੋਗ ਸੰਗਠਨ (SCO) ਪਰਿਸ਼ਦ ਦੇ ਮੈਂਬਰ ਦੇਸ਼ਾਂ ਦੇ ਮੁਖੀਆਂ ਦਾ 20ਵਾਂ ਸਿਖਰ ਸੰਮੇਲਨ

10 ਨਵੰਬਰ, 2020

ਸ਼ੰਘਾਈ ਸਹਿਯੋਗ ਸੰਗਠਨ (SCO) ਪਰਿਸ਼ਦ ਦੇ ਮੈਂਬਰ ਦੇਸ਼ਾਂ ਦੇ ਮੁਖੀਆਂ ਦਾ 20ਵਾਂ ਸਿਖਰ ਸੰਮੇਲਨ 10 ਨਵੰਬਰ, 2020 ਨੂੰ ਵੀਡਿਓ ਕਾਨਫਰੈਂਸਿੰਗ ਰਾਹੀਂ ਹੋਇਆ। ਇਸ ਬੈਠਕ ਦੀ ਪ੍ਰਧਾਨਗੀ ਰੂਸੀ ਸੰਘ ਦੇ ਰਾਸ਼ਟਰਪਤੀ ਸ਼੍ਰੀ ਵਲਾਦੀਮੀਰ ਪੁਤਿਨ ਨੇ ਕੀਤੀ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਭਾਰਤੀ ਵਫਦ ਦੀ ਅਗਵਾਈ ਕੀਤੀ। SCO ਦੇ ਹੋਰ ਮੈਂਬਰ ਦੇਸ਼ਾਂ ਦੀ ਨੁਮਾਇੰਦਗੀ ਉਨ੍ਹਾਂ ਦੇ ਰਾਸ਼ਟਰਪਤੀਆਂ ਨੇ ਕੀਤੀ ਜਦਕਿ ਭਾਰਤ ਅਤੇ ਪਾਕਿਸਤਾਨ ਦੀ ਨੁਮਾਇੰਦਗੀ ਇੰਨਾਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਨੇ ਕੀਤੀ। ਇਨ੍ਹਾਂ ਤੋਂ ਛੁੱਟ SCO ਸਕੱਤਰੇਤ ਦੇ ਸੈਕਟਰੀ ਜਨਰਲ, SCO ਖੇਤਰੀ ਦਹਿਸ਼ਤ-ਰੋਧੀ ਤੰਤਰ ਦੇ ਕਾਰਜਕਾਰੀ ਨਿਦੇਸ਼ਕ ਅਤੇ 4 ਅਬਜ਼ਰਵਰ ਦੇਸ਼ਾਂ ਅਫ਼ਗਾਨਿਸਤਾਨ, ਬੇਲਾਰੂਸ, ਇਰਾਨ ਅਤੇ ਮੰਗੋਲੀਆ ਦੇ ਰਾਸ਼ਟਰਪਤੀ ਵੀ ਇਸ ਬੈਠਕ ਵਿੱਚ ਸ਼ਾਮਲ ਹੋਏ।

ਵਰਚੁਅਲ ਮਾਧਿਅਮ ਰਾਹੀਂ ਹੋਇਆ ਇਹ ਪਹਿਲਾ SCO ਸੰਮੇਲਨ ਹੈ ਅਤੇ 2017 ਵਿੱਚ ਭਾਰਤ ਵੱਲੋਂ ਪੂਰਨ ਮੈਂਬਰ ਬਣਨ ਤੋਂ ਬਾਅਦ ਇਸਦਾ ਤੀਜਾ ਸੰਮੇਲਨ ਹੈ। SCO ਆਗੂਆਂ ਨੂੰ ਸੰਬੋਧਤ ਕਰਦੇ ਹੋਏ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ COVID -19 ਮਹਾਮਾਰੀ ਤੋਂ ਪੈਦਾ ਹੋਈਆਂ ਚੁਣੌਤੀਆਂ ਅਤੇ ਔਕੜਾਂ ਦੇ ਬਾਵਜੂਦ ਇਹ ਮੀਟਿੰਗ ਆਯੋਜਿਤ ਕਰਨ ਲਈ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਵਧਾਈ ਦਿੱਤੀ।

ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨੇ COVID -19 ਮਹਾਂਮਾਰੀ ਤੋਂ ਬਾਅਦ ਮਹਾਂਮਾਰੀ ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਦਾ ਮੁਕਾਬਲਾ ਕਰ ਰਹੀ ਦੁਨੀਆਂ ਦੀਆਂ ਆਸਾਂ ਪੂਰੀਆਂ ਕਰਨ ਲਈ ਸੁਧਰੇ ਬਹੁਪੱਖਵਾਦ ਦੀ ਲੋੜ 'ਤੇ ਜ਼ੋਰ ਦਿੱਤਾ। ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਅਸਥਾਈ ਮੈਂਬਰ ਵਜੋਂ ਭਾਰਤ 1 ਜਨਵਰੀ, 2021 ਤੋਂ ਆਲਮੀ ਪ੍ਰਸ਼ਾਸਨ ਵਿਵਸਥਾ ਵਿੱਚ ਲੋੜੀਂਦੀਆਂ ਤਬਦੀਲੀਆਂ ਲਿਆਉਣ ਲਈ 'ਸੁਧਰੇ ਬਹੁਪੱਖਵਾਦ' ਦੇ ਵਿਸ਼ੇ 'ਤੇ ਆਪਣਾ ਧਿਆਨ ਕੇਂਦਰਿਤ ਕਰੇਗਾ।

ਪ੍ਰਧਾਨ ਮੰਤਰੀ ਨੇ ਖੇਤਰੀ ਸ਼ਾਂਤੀ, ਸੁਰੱਖਿਆ ਅਤੇ ਖੁਸ਼ਹਾਲੀ, ਅਤੇ ਦਹਿਸ਼ਤਗਰਦੀ, ਨਾਜਾਇਜ਼ ਹਥਿਆਰਾਂ ਦੀ ਤਸਕਰੀ, ਨਸ਼ੀਲੀ ਦਵਾਈਆਂ ਅਤੇ ਮਨੀ ਲਾਂਡਰਿੰਗ ਖਿਲਾਫ ਆਵਾਜ਼ ਚੁੱਕਣ ਪ੍ਰਤੀ ਭਾਰਤ ਦਾ ਦ੍ਰਿੜ੍ਹ ਭਰੋਸਾ ਦੁਹਰਾਇਆ। ਉਨ੍ਹਾਂ ਨੇ ਭਾਰਤ ਦੇ ਬਹਾਦਰ ਫੌਜੀਆਂ ਵੱਲੋਂ ਸੰਯੁਕਤ ਰਾਸ਼ਟਰ ਸੰਘ ਦੇ ਲਗਭਗ 50 ਸ਼ਾਂਤੀ ਮਿਸ਼ਨਾਂ ਵਿੱਚ ਹਿੱਸਾ ਲੈਣ ਅਤੇ ਭਾਰਤ ਦੇ ਦਵਾਈ ਉਦਯੋਗ ਵੱਲੋਂ COVID -19 ਦੌਰਾਨ 150 ਤੋਂ ਜ਼ਿਆਦਾ ਦੇਸ਼ਾਂ ਨੂੰ ਲਾਜ਼ਮੀ ਦਵਾਈਆਂ ਸਪਲਾਈ ਕਰਨ ਦਾ ਜ਼ਿਕਰ ਕੀਤਾ।

ਪ੍ਰਧਾਨ ਮੰਤਰੀ ਨੇ SCO ਖੇਤਰ ਨਾਲ ਭਾਰਤ ਦੇ ਮਜ਼ਬੂਤ ਸੱਭਿਆਚਾਰਕ ਅਤੇ ਇਤਿਹਾਸਿਕ ਸਬੰਧਾਂ 'ਤੇ ਚਾਣਨਾ ਪਾਇਆ ਅਤੇ ਇਸ ਖੇਤਰ ਅੰਦਰ ਕਨੇਕਟਿਵਿਟੀ ਨੂੰ ਮਜ਼ਬੂਤ ਕਰਨ ਲਈ ਕੌਮਾਂਤਰੀ ਉੱਤਰ-ਦੱਖਣ ਆਵਾਜਾਈ ਕੌਰੀਡੋਰ, ਚਾਬਹਾਰ ਬੰਦਰਗਾਹ ਅਤੇ ਅਸਗਾਬਾਤ ਸਮਝੌਤੇ ਵਰਗੀਆਂ ਪਹਿਲਾਂ ਪ੍ਰਤੀ ਭਾਰਤ ਦੀ ਮਜ਼ਬੂਤ ਪ੍ਰਤੀਬੱਧਤਾ ਦੁਹਰਾਈ। ਉਨ੍ਹਾਂ ਨੇ 2021 ਵਿੱਚ SCO ਵੱਲੋਂ SCO ਦੀ 20ਵੀਂ ਵਰ੍ਹੇਗੰਢ "SCO ਸੱਭਿਆਚਾਰ ਦਾ ਸਾਲ" ਵਜੋਂ ਮਨਾਏ ਜਾਣ ਲਈ ਭਾਰਤ ਦੀ ਹਿਮਾਇਤ ਦਾ ਭਰੋਸਾ ਦਿੱਤਾ ਅਤੇ ਭਾਰਤੀ ਰਾਸ਼ਟਰੀ ਮਿਊਜ਼ੀਅਮ ਵੱਲੋਂ ਸਾਂਝੀ ਬੋਧੀ ਵਿਰਾਸਤ ਬਾਰੇ ਪਹਿਲੀ SCO ਪ੍ਰਦਰਸ਼ਨੀ ਕਰਾਏ ਜਾਣ, ਅਗਲੇ ਸਾਲ ਭਾਰਤ ਵਿੱਚ SCO

ਫੂਡ ਫੈਸਟੀਵਲ ਕਰਾਏ ਜਾਣ ਅਤੇ 10 ਖੇਤਰੀ ਸਾਹਿਤਕ ਰਚਨਾਵਾਂ ਦਾ ਰੂਸੀ ਅਤੇ ਚੀਨੀ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਵਰਗੀਆਂ ਆਪਣੀਆਂ ਪਹਿਲਾਂ ਦਾ ਜ਼ਿਕਰ ਕੀਤਾ।

ਪ੍ਰਧਾਨ ਮੰਤਰੀ ਨੇ SCO ਪਰਿਸ਼ਦ ਦੀ ਵਰਚੁਅਲ ਮਾਧਿਅਮ ਰਾਹੀਂ 30 ਨਵੰਬਰ, 2020 ਨੂੰ ਹੋਣ ਵਾਲੀ ਅਗਲੀ ਬਾਕਾਇਦਾ ਬੈਠਕ ਦੀ ਮੇਜ਼ਬਾਨੀ ਕਰਨ ਪ੍ਰਤੀ ਭਾਰਤ ਦੀ ਇੱਛਾ ਪ੍ਰਗਟਾਈ। ਭਾਰਤ ਨੇ SCO ਦੇ ਅੰਦਰ ਨਵੀਨਤਾ ਅਤੇ ਸਟਾਰਟਅਪ ਬਾਰੇ 'ਵਿਸ਼ੇਸ਼ ਕਾਰਜ ਸਮੂਹ' ਅਤੇ ਰਵਾਇਤੀ ਦਵਾਈਆਂ ਬਾਰੇ ਇੱਕ ਉਪ ਸਮੂਹ ਬਣਾਏ ਜਾਣ ਦੀ ਤਜਵੀਜ਼ ਵੀ ਰੱਖੀ ਹੈ। ਪ੍ਰਧਾਨ ਮੰਤਰੀ ਨੇ ਮਹਾਂਮਾਰੀ ਤੋਂ ਬਾਅਦ ਦੀ ਦੁਨੀਆਂ ਅੰਦਰ ਭਾਰਤ ਦੇ 'ਆਤਮਨਿਰਭਰ ਭਾਰਤ' ਦੇ ਨਜ਼ਰੀਏ ਬਾਰੇ ਵਿਸਥਾਰ ਨਾਲ ਚਰਚਾ ਕੀਤੀ, ਜੋ ਆਲਮੀ ਆਰਥਿਕਤਾ ਅਤੇ SCO ਖੇਤਰ ਦੀ ਆਰਥਿਕ ਤਰੱਕੀ ਨੂੰ ਕਈ ਗੁਣਾ ਅੱਗੇ ਲੈ ਜਾ ਸਕਦਾ ਹੈ।

ਪ੍ਰਧਾਨ ਮੰਤਰੀ ਨੇ ਤਾਜਿਕਿਸਤਾਨ ਗਣਰਾਜ ਦੇ ਰਾਸ਼ਟਰਪਤੀ ਇਮੋਮਾਲੀ ਰਹਿਮਾਨ ਨੂੰ ਉਨ੍ਹਾਂ ਨੂੰ ਅਗਲੇ ਸਾਲ SCO ਦਾ ਮੁਖੀ ਬਣਨ ਉੱਤੇ ਵਧਾਈ ਦਿੱਤੀ ਅਤੇ ਭਾਰਤ ਵੱਲੋਂ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ।

ਨਵੀਂ ਦਿੱਲੀ
10 ਨਵੰਬਰ, 2020

DISCLAIMER: This is an approximate translation. The original is available in English on MEA's website and may be referred to as the official press release.